ਗੁਰੂ ਨਾਨਕ - ਸਬਦ ੧੫

ਮੰਨੈ ਸੁਰਤਿ ਹੋਵੈ ਮਨਿ ਬੁਧਿ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੩

ਮੰਨੈ ਸੁਰਤਿ ਹੋਵੈ ਮਨਿ ਬੁਧਿ ॥
ਮੰਨੈ ਸਗਲ ਭਵਣ ਕੀ ਸੁਧਿ ॥
ਮੰਨੈ ਮੁਹਿ ਚੋਟਾ ਨਾ ਖਾਇ ॥
ਮੰਨੈ ਜਮ ਕੈ ਸਾਥਿ ਨ ਜਾਇ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥

ਸਾਰ: ਸਵੀਕ੍ਰਿਤੀ ਵਿਕਾਸ ਦੀ ਨਿਰੰਤਰ ਪ੍ਰਕਿਰਿਆ ਹੈ ਜੋ ਕਿਸੇ ਦੀ ਸਮੁੱਚੀ ਭਲਾਈ ਅਤੇ ਆਲੇ ਦੁਆਲੇ ਨੂੰ ਪ੍ਰਭਾਵਿਤ ਕਰਦੀ ਹੈ। ਇਹ ਹੀ ਸਵੈ ਅਤੇ ਸ੍ਰਿਸ਼ਟੀ ਨੂੰ ਜਾਣਨ ਦੀ ਗਹਿਰੀ ਨੀਂਹ ਹੈ।

ਮੰਨੈ ਸੁਰਤਿ ਹੋਵੈ ਮਨਿ ਬੁਧਿ ॥

ਜੋ ਸਵੀਕ੍ਰਿਤੀ ਦੇ ਫ਼ਾਇਦਿਆਂ ਨੂੰ ਸਮਝਦੇ ਹਨ, ਉਹ ਬਿਬੇਕ ਪ੍ਰਾਪਤ ਕਰਨ ਲਈ ਉਹਨਾਂ ਨੂੰ ਅਪਣਾਉਂਦੇ ਅਤੇ ਮਾਣਦੇ ਹਨ।

ਮੰਨੈ ਸਗਲ ਭਵਣ ਕੀ ਸੁਧਿ ॥

ਜੋ ਸਵੀਕ੍ਰਿਤੀ ਨੂੰ ਅਪਣਾਉਂਦੇ ਹਨ, ਉਹ ਸ੍ਰਿਸ਼ਟੀ ਦੇ ਸਾਰੇ ਤੱਤਾਂ ਤੋਂ ਜਾਗਰੂਕ ਹੋ ਜਾਂਦੇ ਹਨ।

ਮੰਨੈ ਮੁਹਿ ਚੋਟਾ ਨਾ ਖਾਇ ॥

ਜੋ ਸਵੀਕ੍ਰਿਤੀ ਨੂੰ ਅਪਣਾਉਂਦੇ ਹਨ, ਉਹ ਬਿਪਤਾ ਅਤੇ ਇਸ ਦੇ ਦੁੱਖਾਂ ਤੋਂ ਪ੍ਰਭਾਵਿਤ ਨਹੀਂ ਹੁੰਦੇ ਹਨ।

ਮੰਨੈ ਜਮ ਕੈ ਸਾਥਿ ਨ ਜਾਇ ॥

ਜੋ ਸਵੀਕ੍ਰਿਤੀ ਨੂੰ ਅਪਣਾਉਂਦੇ ਹਨ, ਉਹ ਜਨਮ ਜਾਂ ਮੌਤ ਨਾਲ ਨਾਤਾ ਨਹੀਂ ਜੋੜਦੇ।

ਐਸਾ ਨਾਮੁ ਨਿਰੰਜਨੁ ਹੋਇ ॥
ਅਜਿਹੇ ਜੀਵਾਂ ਦੀ ਹੋਂਦ ਪਵਿੱਤ੍ਰ ਹੈ।

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥
ਜੋ ਸਵੀਕ੍ਰਿਤੀ ਦਾ ਅਭਿਆਸ ਕਰਦੇ ਹਨ, ਉਹ ਆਪਣੀ ਹਸਤੀ ਦੀ ਅਵਸਥਾ ਬਾਰੇ ਜਾਗਰੂਕ ਰਹਿੰਦੇ ਹਨ। (੧੩)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਸਵੀਕਾਰਨ ਦਾ ਅਰਥ ਹੈ ਵਿਚਾਰਾਂ ਦੇ ਪ੍ਰਵਾਹ ਨਾਲ ਬਿਨਾਂ ਜੁੜਿਆ ਉਨ੍ਹਾਂ ਦੇ ਫੁਰਨਿਆਂ ਨੂੰ ਆਉਣ ਅਤੇ ਜਾਣ ਦੀ ਆਗਿਆ ਦੇਣਾ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ
**Oneness In Diversity Research Foundation**
ਵੈੱਬਸਾਈਟ: **OnenessInDiversity.com**
ਈਮੇਲ: **onenessindiversityfoundation@gmail.com**